ਪੰਜਾਬੀ ਯੂਨੀਵਰਸਿਟੀ, ਪਟਿਆਲਾ
(1961 ਦੇ ਪੰਜਾਬ ਐਕਟ ਨੰ.35 ਤਹਿਤ ਸਥਾਪਤ)

ਦਫ਼ਤਰ: ਡਾਇਰੈਕਟੋਰੇਟ ਆਫ਼ ਸਪੋਰਟਸ

ਨੰ. 1995 /ਡਸ
ਮਿਤੀ 13/8/2025

ਪ੍ਰਿੰਸੀਪਲ/ਮੁਖੀ ਸਾਹਿਬਾਨ
ਸਮੂਹ ਸੰਬੰਧਤ ਕਾਲਜ/ਵਿਭਾਗ/ਸੈਂਟਰ

**ਵਿਸ਼ਾ:- ਅੰਤਰ ਕਾਲਜ ਕਰਾਸ-ਕੰਟਰੀ (ਪੁਰਸ਼ ਅਤੇ ਮਹਿਲਾ) ਮੁਕਾਬਲੇ।**

ਸ੍ਰੀਮਾਨ/ਸ੍ਰੀਮਤੀ ਜੀ,

ਆਪ ਜੀ ਦੀ ਜਾਣਕਾਰੀ ਹਿੱਤ ਦੱਸਿਆ ਜਾਂਦਾ ਹੈ ਕਿ ਖੇਡ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਵੱਲੋਂ ਅੰਤਰ ਕਾਲਜ ਕਰਾਸ-ਕੰਟਰੀ (ਪੁਰਸ਼ ਅਤੇ ਮਹਿਲਾ) ਮੁਕਾਬਲੇ (ਰਾਸ਼ਟਰੀ ਖੇਡ ਦਿਵਸ ਅਤੇ ਪੰਜਾਬ ਸਰਕਾਰ ਵੱਲੋਂ ਨਸ਼ਿਆਂ ਵਿਰੁੱਧ ਚਲਾਈ ਜਾ ਰਹੀ ਮੁਹਿੰਮ "ਯੁੱਧ ਨਸ਼ਿਆਂ ਵਿਰੁੱਧ" ਨੂੰ ਸਮਰਪਿਤ) **ਮਿਤੀ 29 ਅਗਸਤ, 2025 ਨੂੰ ਯੂਨੀਵਰਸਿਟੀ ਕੈਂਪਸ ਵਿਖੇ** ਹੇਠ ਲਿਖੇ ਅਨੁਸਾਰ ਕਰਵਾਏ ਜਾ ਰਹੇ ਹਨ।

| ਖੇਡ/ਈਵੈਂਟ | ਮਿਤੀ/ਸਮਾਂ/ਸਥਾਨ | ਯੋਗਤਾ ਪ੍ਰੋਫਾਰਮਾ ਅਤੇ ਡਿਟੇਲ ਐਂਟਰੀ ਈ.ਮੇਲ ਰਾਹੀਂ/ਹਥ-ਦਸਤੀ ਭੇਜਣ ਦੀ ਅੰਤਿਮ ਮਿਤੀ |
|---|---|---|
| ਕਰਾਸ ਕੰਟਰੀ 10 ਕਿਲੋਮੀਟਰ (ਪੁਰਸ਼ ਅਤੇ ਮਹਿਲਾ) | **29-08-2025 ਨੂੰ ਸਵੇਰੇ 06:15 ਵਜੇ** ਆਰਚਰੀ ਰੇਂਜ (ਨੇੜੇ ਸਿੰਥੈਟਿਕ ਐਥਲੈਟਿਕਸ ਟਰੈਕ) | **25-08-2025 ਬਾਅਦ ਦੁਪਹਿਰ 3-00 ਵਜੇ ਤੱਕ** |

ਅੰਤਰ ਕਾਲਜ ਕਰਾਸ ਕੰਟਰੀ ਮੁਕਾਬਲੇ (ਪੁਰਸ਼ ਅਤੇ ਮਹਿਲਾ) ਹੇਠ ਲਿਖੇ ਅਨੁਸਾਰ ਕਰਵਾਏ ਜਾਣਗੇ:-

1) ਚੈਂਪੀਅਨਸ਼ਿੱਪ ਅੰਤਰ ਯੂਨੀਵਰਸਿਟੀ ਦੇ ਨਿਯਮਾਂ ਅਨੁਸਾਰ ਹੀ ਘੋਸ਼ਿਤ ਕੀਤੀ ਜਾਵੇਗੀ। ਘੱਟ ਤੋਂ ਘੱਟ ਅੰਕ ਪ੍ਰਾਪਤ ਕਰਨ ਵਾਲੀ ਟੀਮ ਨੂੰ ਜੇਤੂ ਕਰਾਰ ਦਿੱਤਾ ਜਾਵੇਗਾ। ਪਹਿਲਾ ਸਥਾਨ ਪ੍ਰਾਪਤ ਕਰਨ ਵਾਲੇ ਨੂੰ ਇੱਕ ਅੰਕ, ਦੂਜਾ ਸਥਾਨ ਪ੍ਰਾਪਤ ਕਰਨ ਵਾਲੇ ਨੂੰ ਦੋ ਅੰਕ, ਤੀਜੇ ਸਥਾਨ ਵਾਲੇ ਨੂੰ ਤਿੰਨ ਅੰਕ ਅਤੇ ਇਸੇ ਤਰ੍ਹਾਂ ਬਾਕੀ ਸਥਾਨ ਪ੍ਰਾਪਤ ਕਰਨ ਵਾਲੇ ਅਥਲੀਟਾਂ ਨੂੰ ਉਹਨਾਂ ਦੇ ਸਥਾਨ ਮੁਤਾਬਿਕ ਬਣਦੇ ਅੰਕ ਦਿੱਤੇ ਜਾਣਗੇ।
2) ਇਕ ਕਾਲਜ ਲੜਕਿਆਂ ਦੀ ਟੀਮ ਦੇ ਘੱਟੋ ਘੱਟ 4 ਅਥਲੀਟ ਅਤੇ ਵੱਧ ਤੋਂ ਵੱਧ 6 ਅਥਲੀਟ ਭੇਜ ਸਕਦਾ ਹੈ। ਚੈਂਪੀਅਨਸ਼ਿੱਪ ਜਿੱਤਣ ਲਈ ਇੱਕ ਟੀਮ ਦੇ 4 ਲੜਕਿਆਂ ਨੂੰ ਦੌੜ ਪੂਰੀ ਕਰਨੀ ਲਾਜ਼ਮੀ ਹੈ ਨਹੀਂ ਤਾਂ ਉਹ ਟੀਮ ਚੈਂਪੀਅਨਸ਼ਿੱਪ ਵਿੱਚੋਂ ਬਾਹਰ ਹੋ ਜਾਵੇਗੀ। ਕਾਲਜ ਦੀ ਟੀਮ ਦੇ 6 ਐਥਲੀਟ ਦੌੜ ਵਿੱਚ ਭਾਗ ਲੈ ਸਕਦੇ ਹਨ ਲੇਕਿਨ ਇਹਨਾਂ ਵਿਚੋਂ ਦੌੜ ਪੂਰੀ ਕਰਨ ਵਾਲੇ ਪਹਿਲੇ 4 ਅਥਲੀਟਾਂ ਦੇ ਹੀ ਅੰਕ ਗਿਣੇ ਜਾਣਗੇ।
3) ਇਸੇ ਤਰ੍ਹਾਂ ਲੜਕੀਆਂ ਦੀ ਟੀਮ ਵਿਚ ਵੀ ਇਕ ਕਾਲਜ ਘੱਟੋ ਘੱਟ 4 ਲੜਕੀਆਂ ਅਤੇ ਵੱਧ ਤੋਂ ਵੱਧ 6 ਲੜਕੀਆਂ ਨੂੰ ਭੇਜ ਸਕਦਾ ਹੈ। ਟੀਮ ਚੈਂਪੀਅਨਸ਼ਿੱਪ ਜਿੱਤਣ ਲਈ 4 ਲੜਕੀਆਂ ਨੂੰ ਦੌੜ ਪੂਰੀ ਕਰਨੀ ਲਾਜ਼ਮੀ ਹੋਵੇਗੀ। ਇੱਕ ਕਾਲਜ ਦੀ ਟੀਮ ਦੀਆਂ 6 ਲੜਕੀਆਂ ਹੀ ਦੌੜ ਵਿਚ ਭਾਗ ਲੈ ਸਕਦੀਆਂ ਹਨ ਲੇਕਿਨ ਚੈਂਪੀਅਨਸ਼ਿੱਪ ਲਈ ਦੌੜ ਪੂਰੀ ਕਰਨ ਵਾਲੀਆਂ ਪਹਿਲੀਆਂ 4 ਲੜਕੀਆਂ ਦੇ ਅੰਕ ਹੀ ਗਿਣੇ ਜਾਣਗੇ।
4) ਜਿਨ੍ਹਾਂ ਕਾਲਜਾਂ ਦੇ ਲੜਕੇ ਜਾਂ ਲੜਕੀਆਂ ਦੀਆਂ ਟੀਮਾਂ ਪੂਰੀਆਂ ਨਹੀਂ ਬਣ ਸਕਦੀਆਂ, ਉਨ੍ਹਾਂ ਕਾਲਜਾਂ ਦੀਆਂ ਟੀਮਾਂ ਦੇ ਐਥਲੀਟ ਆਪੋ ਆਪਣੇ ਵਿਅਕਤੀਗਤ ਸਥਾਨ ਪ੍ਰਾਪਤ ਕਰਨ ਲਈ ਦੌੜ ਵਿੱਚ ਭਾਗ ਲੈ ਸਕਦੇ ਹਨ।

5। ਪਹਿਲੇ ਨੰਬਰ ਤੇ ਆਉਣ ਵਾਲੇ ਅਥਲੀਟ ਦੇ ਦੌੜ ਖਤਮ ਹੋਣ ਤੋਂ 15 ਮਿੰਟ ਦੇ ਅੰਦਰ ਜਿਹੜੇ ਵੀ ਅਥਲੀਟ ਦੌੜ ਖਤਮ ਕਰਦੇ ਹਨ, ਉਨ੍ਹਾਂ ਨੂੰ ਬਣਦੀਆਂ ਪੁਜੀਸ਼ਨਾਂ ਦਿੱਤੀਆਂ ਜਾਣਗੀਆਂ। ਅੰਤਰ ਯੂਨੀਵਰਸਿਟੀ ਦੇ ਨਿਯਮਾਂ ਮੁਤਾਬਿਕ ਪਹਿਲੀਆਂ ਤਿੰਨ ਪੁਜੀਸ਼ਨਾਂ ਪ੍ਰਾਪਤ ਕਰਨ ਵਾਲੀਆਂ ਟੀਮਾਂ ਨੂੰ ਲੜਕਿਆਂ ਵਿੱਚ 6-6 ਸਰਟੀਫਿਕੇਟ ਅਤੇ ਲੜਕੀਆਂ ਦੀਆਂ ਟੀਮਾਂ ਨੂੰ 6-6 ਸਰਟੀਫਿਕੇਟ ਦਿੱਤੇ ਜਾਣਗੇ। ਟੀਮ ਦੇ ਸਾਰੇ ਛੇ ਖਿਡਾਰੀਆਂ ਦੇ ਦੌੜ ਪੂਰੀ ਕਰਨ ਤੇ ਹੀ 6 ਸਰਟੀਫਿਕੇਟ ਜ਼ਾਰੀ ਕੀਤੇ ਜਾਣਗੇ।

6। ਭਾਗ ਲੈਣ ਵਾਲੇ ਸਾਰੇ ਖਿਡਾਰੀਆਂ/ਖਿਡਾਰਣਾਂ ਕੋਲ ਕਾਲਜ ਵੱਲੋਂ ਜਾਰੀ ਕੀਤਾ ਸ਼ਨਾਖਤੀ ਕਾਰਡ ਹੋਣਾ ਲਾਜ਼ਮੀ ਹੈ।

ਕਰਾਸ ਕੰਟਰੀ (ਪੁਰਸ਼ ਅਤੇ ਮਹਿਲਾ) ਮੁਕਾਬਲਿਆਂ ਵਿੱਚ ਭਾਗ ਲੈਣ ਵਾਲੇ ਕਾਲਜਾਂ ਦੀਆਂ ਟੀਮਾਂ ਦੇ ਪ੍ਰਤੀਨਿਧ ਮਿਤੀ 28-08-2025 ਨੂੰ ਬਾਅਦ ਦੁਪਹਿਰ 2-00 ਤੋਂ 4-00 ਵਜੇ ਤੱਕ ਆਪਣੀਆਂ ਟੀਮਾਂ/ਖਿਡਾਰੀਆਂ ਦੇ ਚੈਸਟ ਨੰਬਰ ਖੇਡ ਵਿਭਾਗ ਤੋਂ ਲੈਣ ਲਈ ਐਥਲੈਟਿਕਸ ਕੋਚ ਸ਼੍ਰੀ ਧਰਮਿੰਦਰਪਾਲ ਸਿੰਘ ਨੂੰ ਰਿਪੋਰਟ ਕਰਨਗੇ ਤਾਂ ਜੋ ਖਿਡਾਰੀਆਂ ਦੀ ਰਿਹਾਇਸ਼ ਦਾ ਉਚਿੱਤ ਪ੍ਰਬੰਧ ਕੀਤਾ ਜਾ ਸਕੇ ਅਤੇ ਪ੍ਰਤੀਯੋਗਤਾ ਦਾ ਰੂਟ/ਰਾਹ ਵੀ ਵਿਖਾਇਆ ਜਾ ਸਕੇ। ਮਿਤੀ 29-08-2025 ਨੂੰ ਕਿਸੇ ਵੀ ਟੀਮ/ਖਿਡਾਰੀ ਨੂੰ ਚੈਸਟ ਨੰਬਰ ਅਲਾਟ ਨਹੀਂ ਕੀਤਾ ਜਾਵੇਗਾ। ਆਪ ਜੀ ਨੇ ਸੰਬੰਧਿਤ ਟੀਮਾਂ ਦੇ ਇੰਚਾਰਜ਼ ਸਾਹਿਬਾਨ ਨੂੰ ਹਦਾਇਤ ਕਰਨੀ ਕਿ ਉਹ ਆਪਣੀਆਂ ਟੀਮਾਂ ਨੂੰ ਲੈ ਕੇ ਮਿਤੀ 28-08-2025 ਨੂੰ ਬਾਅਦ ਦੁਪਹਿਰ 2.00 ਵਜੇ ਤੱਕ ਵਿਭਾਗ ਵਿਖੇ ਰਿਪੋਰਟ ਕਰਨਾ ਯਕੀਨੀ ਬਨਾਉਣਗੇ ਜੀ।

ਨੋਟ:-

- *ਸੰਬੰਧਿਤ ਕਾਲਜਾਂ ਵੱਲੋਂ ਖੇਡ ਮੁਕਾਬਲਿਆਂ ਵਿੱਚ ਭਾਗ ਲੈਣ ਵਾਲੀਆਂ ਟੀਮਾਂ/ਖਿਡਾਰੀਆਂ ਦਾ ਰਜਿਸਟ੍ਰੇਸ਼ਨ ਫਾਰਮ ਭਰ ਕੇ ਯੋਗਤਾ ਪ੍ਰੋਫਾਰਮੇ ਦੇ ਨਾਲ ਲਿਆਉਣਾ ਲਾਜ਼ਮੀ ਹੋਵੇਗਾ। ਫਾਰਮ ਤੇ ਖਿਡਾਰੀ ਅਤੇ ਸੰਬੰਧਿਤ ਪ੍ਰੋ./ਟੀਮ ਇੰਚਾਰਜ਼ ਦੇ ਹਸਤਾਖਰ ਹੋਣੇ ਜ਼ਰੂਰੀ ਹਨ। ਰਜਿਸਟ੍ਰੇਸ਼ਨ ਫਾਰਮ ਅਤੇ ਇਸ ਵਿੱਚ ਲਗਾਈ ਗਈ ਹਰੇਕ ਫੋਟੋ ਵੀ ਸੰਬੰਧਿਤ ਕਾਲਜ ਦੇ ਪ੍ਰਿੰਸੀਪਲ ਸਾਹਿਬ ਪਾਸੋਂ ਤਸਦੀਕ ਕਰਵਾ ਕੇ ਨਾਲ ਲਿਆਉਣੀ ਲਾਜ਼ਮੀ ਹੈ। ਰਜਿਸਟ੍ਰੇਸ਼ਨ ਫਾਰਮ ਅਤੇ ਯੋਗਤਾ ਪ੍ਰੋਫਾਰਮੇ ਤੋਂ ਬਿਨਾਂ ਟੀਮਾਂ ਨੂੰ ਅੰਤਰ ਕਾਲਜ ਮੁਕਾਬਲਿਆਂ ਵਿਚ ਭਾਗ ਨਹੀਂ ਲੈਣ ਦਿੱਤਾ ਜਾਵੇਗਾ।*
- *ਖੇਡ ਮੁਕਾਬਲਿਆਂ/ਟਰਾਇਲਾਂ ਵਿੱਚ ਭਾਗ ਲੈਣ ਵਾਲੀਆਂ ਟੀਮਾਂ/ਖਿਡਾਰੀਆਂ ਦਾ ਆਪਣੇ ਨਾਲ 10ਵੀਂ, 10+2 ਅਤੇ ਪਿਛਲੇ ਸਾਲ ਪਾਸ ਕੀਤੀ ਕਲਾਸ ਦੇ ਅਸਲ ਸਰਟੀਫਿਕੇਟ ਅਤੇ ਫੋਟੋਸਟੇਟ ਕਾਪੀਆਂ ਨਾਲ ਲਿਆਉਣੇ ਲਾਜ਼ਮੀ ਹਨ। ਅਸਲ ਸਰਟੀਫਿਕੇਟਾਂ ਅਤੇ ਤਸਦੀਕ ਕੀਤੀਆਂ ਫੋਟੋਸਟੇਟ ਕਾਪੀਆਂ ਤੋਂ ਬਿਨਾਂ ਟੀਮਾਂ/ਖਿਡਾਰੀਆਂ ਨੂੰ ਮੁਕਾਬਲਿਆਂ ਵਿਚ ਭਾਗ ਨਹੀਂ ਲੈਣ ਦਿੱਤਾ ਜਾਵੇਗਾ।*
- *ਡਿਟੇਲ ਐਂਟਰੀ ਫਾਰਮ, ਰਜਿਸਟ੍ਰੇਸ਼ਨ ਫਾਰਮ ਅਤੇ ਯੋਗਤਾ ਪ੍ਰੋਫਾਰਮੇ ਵਿੱਚ ਭਰੇ ਹੋਏ ਨਾਂ ਇੱਕੋ ਹੀ ਹੋਣੇ ਚਾਹੀਦੇ ਹਨ।*
- *ਡਿਟੇਲ ਐਂਟਰੀ ਫਾਰਮ, ਰਜਿਸਟ੍ਰੇਸ਼ਨ ਫਾਰਮ ਤੋਂ ਬਿਨਾਂ ਯੋਗਤਾ ਪ੍ਰੋਫਾਰਮਾ ਸਵੀਕਾਰ ਨਹੀਂ ਕੀਤਾ ਜਾਵੇਗਾ।*
- *ਮਿਤੀ 29-08-2025 ਨੂੰ ਸਾਰੀਆਂ ਟੀਮਾਂ ਦੇ ਲੜਕੇ ਅਤੇ ਲੜਕੀਆਂ ਸਵੇਰੇ 06:15 ਵਜੇ ਦੌੜ ਲਈ ਆਰਚਰੀ ਰੇਂਜ (ਨੇੜੇ ਸਿੰਥੈਟਿਕ ਐਥਲੈਟਿਕਸ ਟਰੈਕ) ਵਿਖੇ ਰਪੋਰਟ ਕਰਨਗੀਆਂ।*
- *ਡਿਟੇਲ ਐਂਟਰੀ ਫਾਰਮ, ਰਜਿਸਟ੍ਰੇਸ਼ਨ ਫਾਰਮ ਅਤੇ ਯੋਗਤਾ ਪ੍ਰੋਫਾਰਮੇ ਮਿਤੀ 25-08-2025 ਤੱਕ (ਪ੍ਰਿੰਸੀਪਲ ਦੇ ਹਸਤਾਖਰਾਂ ਸਹਿਤ) ਡਾਕ ਰਾਹੀਂ ਜਾਂ ਹਥ-ਦਸਤੀ ਭੇਜੇ ਜਾਣੇ ਲਾਜ਼ਮੀ ਹਨ ਜੀ।*
- *ਉਪਰੋਕਤ ਤੋਂ ਇਲਾਵਾ ਖੇਡ ਕੈਲੰਡਰ ਵਿਚ ਦਰਸਾਈਆਂ ਹੋਰ ਹਦਾਇਤਾਂ ਦੀ ਪਾਲਣਾ ਯਕੀਨੀ ਬਣਾਈ ਜਾਵੇ ਜੀ।*

ਡਿਟੇਲ ਐਂਟਰੀ, ਰਜਿਸਟ੍ਰੇਸ਼ਨ ਫਾਰਮ ਨਾਲ ਨੱਥੀ ਹੈ।

13/8/2025

ਡਾਇਰੈਕਟਰ ਸਪੋਰਟਸ

## ਅੰਤਰ ਕਾਲਜ ਕਰਾਸ-ਕੰਟਰੀ ਡਿਟੇਲ ਐਂਟਰੀ ਪ੍ਰੋਫਾਰਮਾ (ਪੁਰਸ਼)

ਕਾਲਜ ਦਾ ਨਾਮ......................................................................................................................

| ਕ੍ਰਮਾਂਕ ਨੰ. | ਖਿਡਾਰੀ ਦਾ ਨਾਮ | ਪਿਤਾ ਦਾ ਨਾਮ | ਮਾਤਾ ਦਾ ਨਾਮ |
|---|---|---|---|
| 1) | | | |
| 2) | | | |
| 3) | | | |
| 4) | | | |
| 5) | | | |
| 6) | | | |

## ਅੰਤਰ ਕਾਲਜ ਕਰਾਸ-ਕੰਟਰੀ ਡਿਟੇਲ ਐਂਟਰੀ ਪ੍ਰੋਫਾਰਮਾ (ਮਹਿਲਾ)

| ਕ੍ਰਮਾਂਕ ਨੰ. | ਖਿਡਾਰਣ ਦਾ ਨਾਮ | ਪਿਤਾ ਦਾ ਨਾਮ | ਮਾਤਾ ਦਾ ਨਾਮ |
|---|---|---|---|
| 1) | | | |
| 2) | | | |
| 3) | | | |
| 4) | | | |
| 5) | | | |
| 6) | | | |

ਨੋਟ:

- ਯੋਗਤਾ ਪ੍ਰੋਫਾਰਮੇ, ਰਜਿਸਟ੍ਰੇਸ਼ਨ ਫਾਰਮ ਅਤੇ ਡਿਟੇਲ ਐਂਟਰੀਆਂ ਪ੍ਰਾਪਤ ਕਰਨ ਦੀ ਅੰਤਿਮ ਮਿਤੀ 25-08-2025 ਹੈ। ਡਿਟੇਲ ਐਂਟਰੀਆਂ ਵਿੱਚ ਕਿਸੇ ਪ੍ਰਕਾਰ ਦੀ ਤਬਦੀਲੀ ਸਬੰਧੀ, ਮੁਕਾਬਲੇ ਸ਼ੁਰੂ ਹੋਣ ਤੋਂ ਇਕ ਦਿਨ ਪਹਿਲਾਂ ਸੂਚਿਤ ਕੀਤਾ ਜਾਵੇ।
- ਡਿਟੇਲ ਐਂਟਰੀ ਪ੍ਰੋਫਾਰਮੇ ਦੇ ਨਾਲ ਐਥਲੀਟਾਂ ਦਾ ਰਜਿਸਟ੍ਰੇਸ਼ਨ ਫਾਰਮ ਅਤੇ ਯੋਗਤਾ ਫਾਰਮ (ਪ੍ਰਿੰਸੀਪਲ ਦੇ ਹਸਤਾਖਰਾਂ ਸਹਿਤ) ਅੰਤਿਮ ਮਿਤੀ ਭਾਵ 25-08-2025 ਤੱਕ ਈ.ਮੇਲ ਰਾਹੀਂ/ਹਥ-ਦਸਤੀ ਭੇਜਣਾ ਲਾਜ਼ਮੀ ਹੈ। ਮਿੱਥੀ ਮਿਤੀ ਤੋਂ ਬਾਅਦ ਕੋਈ ਵੀ ਐਂਟਰੀ/ਦਸਤਾਵੇਜ਼ ਆਦਿ ਸਵੀਕਾਰ ਕਰਨਾ ਸੰਭਵ ਨਹੀਂ ਹੋਵੇਗਾ।

ਹਸਤਾਖਰ (ਪ੍ਰਿੰਸੀਪਲ)

**ਪੰਜਾਬੀ ਯੂਨੀਵਰਸਿਟੀ, ਪਟਿਆਲਾ**

**(1961 ਦੇ ਪੰਜਾਬ ਐਕਟ ਨੰ.35 ਤਹਿਤ ਸਥਾਪਤ)**

**ਦਫ਼ਤਰ: ਡਾਇਰੈਕਟੋਰੇਟ ਆਫ਼ ਸਪੋਰਟਸ**

ਨੰ..1997......./ਡਸ

ਮਿਤੀ..13/8/2025

---

ਪ੍ਰਿੰਸੀਪਲ/ਮੁਖੀ ਸਾਹਿਬਾਨ

ਸਮੂਹ ਸੰਬੰਧਤ ਕਾਲਜ/ਵਿਭਾਗ/ਸੈਂਟਰ

ਸ੍ਰੀਮਾਨ/ਸ੍ਰੀਮਤੀ ਜੀ,

ਆਪ ਜੀ ਦੀ ਜਾਣਕਾਰੀ ਹਿੱਤ ਦੱਸਿਆ ਜਾਂਦਾ ਹੈ ਕਿ ਖਿਡਾਰੀਆਂ ਦੀਆਂ ਸਪੈਸ਼ਲ ਪ੍ਰੀਖਿਆਵਾਂ ਕੰਡਕਟ ਕਰਵਾਉਣ ਬਾਬਤ ਵਿਭਾਗ ਨੂੰ ਪੇਸ਼ ਆ ਰਹੀਆਂ ਮੁਸ਼ਕਲਾਂ ਦੇ ਮੱਦੇਨਜਰ ਭਵਿੱਖ ਵਿਚ ਕਿਸੇ ਵੀ ਖਿਡਾਰੀ/ਖਿਡਾਰਣ ਦੇ ਸਪੈਸ਼ਲ ਪੇਪਰ ਕਰਵਾਉਣ ਲਈ ਨੱਥੀ ਅਨੁਸਾਰ ਅਪਡੇਟਿਡ ਫਾਰਮ ਹੀ ਸਬੰਧਤ ਖਿਡਾਰੀ ਪਾਸੋਂ ਭਰਵਾਉਣਾ ਅਤੇ ਸਬੰਧਤ ਪ੍ਰੋ. ਇੰਚਾਰਜ਼ (ਟੀਮ)/ਸਬੰਧਤ ਕੋਚ ਦੇ ਹਸਤਾਖਰ ਉਪਰੰਤ ਪ੍ਰਿੰਸੀਪਲ ਸਾਹਿਬ ਦੀ ਸਿਫਾਰਿਸ਼ ਸਹਿਤ ਵਿਭਾਗ ਨੂੰ ਈ.ਮੇਲ ਜਾਂ ਦਸਤੀ ਭੇਜਣਾ ਯਕੀਨੀ ਬਣਾਇਆ ਜਾਵੇ। ਲੋੜੀਂਦੇ ਸਾਰੇ ਦਸਤਾਵੇਜਾਂ/ਸਬੂਤਾਂ ਸਹਿਤ ਪ੍ਰਾਪਤ ਹੋਣ ਵਾਲੇ ਬਿਨੈ ਪੱਤਰਾਂ ਤੇ ਹੀ ਵਿਭਾਗ ਵੱਲੋਂ ਅਗਲੇਰੀ ਕਾਰਵਾਈ ਕੀਤੀ ਜਾਣੀ ਸੰਭਵ ਹੋਵੇਗੀ ਤਾਂ ਜੋ ਪ੍ਰੀਖਿਆ ਸ਼ਾਖਾ ਨਾਲ ਦਫਤਰੀ ਕਾਰਵਾਈ ਕਰਨ ਵਿਚ ਕਿਸੇ ਪ੍ਰਕਾਰ ਦੀ ਔਕੜ ਪੇਸ਼ ਨਾ ਆਵੇ।

ODD/EVEN SEMESTER ਦੀਆਂ ਪ੍ਰੀਖਿਆਵਾਂ ਦੌਰਾਨ ਖਿਡਾਰੀਆਂ ਦੇ ਰਹਿੰਦੇ ਪੇਪਰ ਸਪੈਸ਼ਲ ਤੌਰ ਤੇ ਕੰਡਕਟ ਕਰਵਾਉਣ ਲਈ ਨਵੇਂ ਅਪਡੇਟਿਡ ਫਾਰਮ ਅਤੇ ਲੋੜੀਂਦੇ ਦਸਤਾਵੇਜ਼ ਵਿਭਾਗ ਨੂੰ ਸਮੇਂ ਸਿਰ ਭੇਜਣਾ ਯਕੀਨੀ ਬਣਾਉਣ ਦੀ ਕ੍ਰਿਪਾਲਤਾ ਕੀਤੀ ਜਾਵੇ ਤਾਂ ਜੋ ਸਮੇਂ ਸਿਰ ਪ੍ਰਵਾਨਗੀ ਲੈਣ ਉਪਰੰਤ ਕੇਸ ਪ੍ਰੀਖਿਆ ਸ਼ਾਖਾ ਨੂੰ ਭੇਜਿਆ ਜਾ ਸਕੇ।

ਇਸਨੂੰ ਅਤਿ ਜ਼ਰੂਰੀ ਸਮਝਿਆ ਜਾਵੇ ਜੀ।

13/8/2025

ਡਾਇਰੈਕਟਰ ਸਪੋਰਟਸ